بِسْمِ اللّٰہِ الرَّحْمٰنِ الرَّحِیْمِ        نَحْمَدُہٗ وَ نُصَلِّیْ عَلٰی رَسُوْلِہِ الْکَرِیْمِ        وَعَلٰی عَبْدِہِ الْمَسِیْحِ الْمَوْعُوْد
لَا اِلٰہَ اِلَّا اللّٰہُ مُحَمَّدٌ رَّسُوْلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in        ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਜੰਗੇ ਬਦਰ ਦੀ ਤਿਆਰੀ ਦੇ ਹਾਲਾਤ ਤੇ ਕਿੱਸੇ ਅਤੇ ਸਹਾਬੀਆਂ ਦੀ ਆਪਣੇ ਆਕਾ ਸਲੱਲਾਹੋ ਅਲੈਹਿ ਵਸਲੱਮ ਦੀ ਸ਼ਾਨਦਾਰ ਆਗਿਆ ਪਾਲਨਾ ਦਾ ਬਿਆਨ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਹੁੱਲਾ ਤਆਲਾ ਬਿਨਸਰਹਿਲ ਅਜ਼ੀਜ਼, 23 ਜੂਨ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

**ਤਸ਼ਹੁਦ, ਤੌਜ਼ ਅਤੇ ਸੂਰਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :**

**ਜਿਵੇਂ ਕਿ ਪਿਛੱਲੇ ਖ਼ੁਤਬੇ ਵਿਚੱ ਬਿਆਨ ਹੋਇਆ ਸੀ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਭੇਜੇ ਹੋਏ ਖ਼ਬਰੀਆਂ ਨੇ ਜਦੱ ਇਹ ਖ਼ਬਰ ਦਿੱਤੀ ਕਿ ਕੁਰੈਸ਼ ਦਾ ਲਸ਼ਕਰ ਵਿਉਪਾਰੀ ਕਾਫ਼ਲੇ ਦੇ ਬਚਾਓ ਲਈ ਤੇਜ਼ੀ ਨਾਲ ਆ ਰਿਹਾ ਹੈ ਤਾਂ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਸਹਾਬੀਆਂ ਨੂੰ ਮਾਮਲੇ ਤੋਂ ਜਾਣੂ ਕਰਵਾਈਆ ਅਤੇ ਸਲਾਹ ਮੰਗੀ ।**

**ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਅਤੇ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਦੇ ਬਾਦ ਹਜ਼ਰਤ ਮਿਕਦਾਦ ਬਿਨ ਉਮਰ ਰਜ਼ੀ ਅੱਲਾਹ ਨੇ ਕਿਹਾ ਕਿ ਅਸੀਂ ਉਹ ਉਤੱਰ ਨਹੀਂ ਦਿਆਂਗੇ, ਜੋ ਬਨੀ ਇਸਰਾਈਲ ਨੇ ਮੂਸਾ ਅਲੈਹਿ ਸਲਾਮ ਨੂੰ ਦਿੱਤਾ ਸੀ ਕਿ** فَاذْهَبْ اَنْتَ وَرَبُّكَ فَقَاتِلَا إِنَّا هٰهُنَا قٰعِدُوْنَ **ਅਰਥਾਤ ਜਾ ਤੂੰ ਅਤੇ ਤੇਰਾ ਰਬੱ ਦੋਵੇਂ ਲੜੋ । ਅਸੀਂ ਤਾਂ ਇੱਥੇ ਹੀ ਬਹਿਠੇ ਰਹਾਂਗੇ । ਸਗੋਂ ਅਸੀਂ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਨਾਲ ਹਾਂ । ਜੋ ਵੀ ਆਪ ਸਲੱਲਾਹੋ ਅਲੈਹਿ ਵਸਲੱਮ ਫ਼ੈਸਲਾ ਕਰਨ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਨਾਲ ਮਿਲ ਕੇ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਅਗਵਾਈ ਵਿਚੱ ਵਿਰੋਧੀਆਂ ਦੇ ਨਾਲ ਜੰਗ ਕਰਨਗੇ । ਉਸ ਜ਼ਾਤ ਦੀ ਕਸਮ ਜਿਸ ਨੇ ਆਪ ਨੂੰ ਹਕੱ ਨਾਲ ਭੇਜਿਆ ਹੈ ਜੇਕਰ ਆਪ ਬਰਕ-ਉਲੱ-ਗ਼ਮਾਦ ਤਕੱ ਵੀ ਲੈ ਜਾਣ ਤਾਂ ਅਸੀਂ ਆਪ ਦੇ ਨਾਲ ਚਲਾਂਗਾ । ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਉਨਾਂ ਲਈ ਦੂਆ ਕੀਤੀ ।**

**ਇਕੱ ਲਿਖੱਣ ਵਾਲੇ ਨੇ ਲਿਖਿੱਆ ਕਿ ਬਰਕ-ਉਲੱ-ਗ਼ਮਾਦ ਮੱਕਾ ਦੇ ਉਤੱਰ ਵਿਚੱ ਘੱਟੋ ਘਟੱ ਚਾਰ ਸੌ ਤੀਹ ਕਿੱਲੋ ਮੀਟਰ ਉੱਤੇ ਆਮ ਸੜ੍ਹਕ ਤੋਂ ਹਟੱ ਕੇ ਦੂਰ ਦਰਾੜ੍ਹੇ ਦੀ ਥਾਂ ਸੀ । ਜੋ ਸਫ਼ਰ ਦੀ ਦੂਰੀ ਅਤੇ**

ਮੁਸ਼ਕਿਲ ਲਈ ਮੁਹਾਵਰੇ ਵੱਜੋਂ ਬੋਲਿਆ ਜਾਂਦਾ ਸੀ। ਅਰਥ ਇਹ ਸੀ ਕਿ ਜਿੰਨ੍ਹੀ ਮਰਜ਼ੀ ਦੂਰ ਲੈ ਜਾਣ ਅਸੀਂ ਆਪ ਦੇ ਨਾਲ ਹਾਂ।

ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ, ਹਜ਼ਰਤ ਉਮਰ ਰਜ਼ੀ ਅੱਲਾ ਅੰਨਹੋ ਅਤੇ ਹਜ਼ਰਤ ਮਿਕਦਾਦ ਰਜ਼ੀ ਅੱਲਾਹ ਅੰਨਹੋ ਮੁਹਾਜਰਾਂ ਵਿੱਚੋਂ ਸਨ। ਇਸ ਲਈ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਇੱਛਾ ਸੀ ਕਿ ਅੰਨਸਾਰ ਦੀ ਰਾਏ ਲੈਣ।

ਹਜ਼ਰਤ ਸਅਦ ਬਿਨ ਮੁਆਜ਼ ਰਜ਼ੀ ਅੱਲਾਹ ਅੰਨਹੋ ਨੇ ਕਿਹਾ ਕਿ ਅਸੀਂ ਆਪ ਸਲੱਲਾਹੋ ਅਲੈਹਿ ਵਸਲੱਮ ਉੱਤੇ ਵਿਸ਼ਵਾਸ ਲੈ ਆਏ ਹਾਂ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਦੀਨ ਦੀ ਗਵਾਹੀ ਦਿੱਤੀ ਹੈ ਅਤੇ ਅਸੀਂ ਆਪ ਸਲੱਲਾਹੋ ਅਲੈਹਿ ਵਸਲੱਮ ਦਾ ਹੁਕਮ ਸੁਣਨ ਅਤੇ ਉਸ ਨੂੰ ਪੂਰਾ ਕਰਨ ਦਾ ਵਚਨ ਦਿੱਤਾ ਹੈ। ਇਸ ਲਈ ਆਪ ਸਲੱਲਾਹੋ ਅਲੈਹਿ ਵਸਲੱਮ ਸਾਨੂੰ ਜਿੱਥੇ ਲੈ ਜਾਣ। ਅਸੀਂ ਚਲੱਣ ਲਈ ਤਿਆਰ ਹਾਂ। ਸੋ, ਰਬੱ ਦੀ ਬਰਕਤ ਨਾਲ ਆਪ ਸਲੱਲਾਹੋ ਅਲੈਹਿ ਵਸਲੱਮ ਸਾਡੇ ਨਾਲ ਤੁਰਨ ਹਜ਼ਰਤ ਸਅਦ ਰਜ਼ੀ ਅੱਲਾਹ ਅੰਨਹੋ ਦੀ ਇਹ ਗਲੱ ਸੁਣ ਕੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਬਹੁਤ ਖ਼ੁਸ਼ ਹੋਏ ਅਤੇ ਫ਼ਰਮਾਇਆ ਕਿ ਰਬੱ ਨੇ ਮੈਨੂੰ ਦੋ ਗਰੋਹਾਂ (ਸ਼ਾਮ ਦਾ ਵਿਉਪਾਰੀ ਕਾਫ਼ਲਾ ਜਾਂ ਮੱਕੇ ਦੇ ਕੁੱਫ਼ਾਰ ਦੇ ਲਸ਼ਕਰ) ਵਿੱਚੋਂ ਇਕੱ ਉੱਤੇ ਗ਼ਲਬਾ ਦੇਣ ਦਾ ਵਚਨ ਕੀਤਾ ਹੈ। ਮੈਂ ਉਹ ਥਾਂ ਵੇਖ ਰਿਹਾ ਹਾਂ ਜਿੱਥੇ ਵਿਰੋਧੀ ਦੇ ਬੰਦੇ ਕਤਲ ਹੋ ਕੇ ਡਿਗੱਣਗੇ।

ਸਹਾਬਾ ਨੇ ਪੁਛਿੱਆ, ਹੇ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ! ਜੇਕਰ ਆਪ ਨੂੰ ਪਹਿਲਾਂ ਕੁਰੈਸ਼ ਦੇ ਲਸ਼ਕਰ ਦੀ ਖ਼ਬਰ ਸੀ ਤਾਂ ਆਪ ਨੇ ਸਾਨੂੰ ਮਦੀਨਾ ਵਿਚੱ ਜੰਗ ਬਾਰੇ ਕਿਉਂ ਨਹੀਂ ਦਸਿੱਆ ਕਿ ਅਸੀਂ ਕੁਝੱ ਤਿਆਰੀ ਤਾਂ ਕਰਕੇ ਨਿਕਲਦੇ। ਪਰ ਇਸ ਖ਼ਬਰ ਦੇ ਬਾਦ ਅਤੇ ਇਸ ਸਲਾਹ ਦੇ ਬਾਦ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਵੱਲੋਂ ਇਸ ਰੱਬੀ ਖ਼ੁਸ਼ਖ਼ਬਰੀ ਦੇ ਬਾਦ ਕਿ ਇੰਨਾਂ ਦੋਵਾਂ ਗਰੋਹਾਂ ਵਿੱਚੋਂ ਕਿਸੇ ਇਕੱ ਉੱਤੇ ਮੁਸਲਮਾਨਾਂ ਨੂੰ ਜ਼ਰੂਰ ਫ਼ਤਹਿ ਪ੍ਰਾਪਤ ਹੋਵੇਗੀ। ਹੁਣ ਤਕੱ ਮੁਸਲਮਾਨਾਂ ਨੂੰ ਪੱਕੇ ਤੌਰ ਉੱਤੇ ਮਾਲੂਮ ਨਹੀਂ ਹੋਇਆ ਸੀ ਕਿ ਉਨਾਂ ਦਾ ਮੁਕਾਬਲਾ ਕਿਸ ਗਰੋਹ ਨਾਲ ਹੋਵੇਗਾ ਅਤੇ ਉਹ ਉਨਾਂ ਦੋਵਾਂ ਗਰੋਹਾਂ ਵਿੱਚੋਂ ਕਿਸੇ ਇਕੱ ਗਰੋਹ ਦਾ ਸਾਮ੍ਹਣਾ ਹੋਣ ਦਾ ਖ਼ਿਆਲ ਰਖੱਦੇ ਸਨ ਅਤੇ ਕੁਦਰਤੀ ਕਮਜ਼ੋਰ ਗਰੋਹ ਅਰਥਾਤ ਕਾਫ਼ਲੇ ਦੇ ਮੁਕਾਬਲੇ ਦੀ ਵਧੱ ਇੱਛਾ ਸੀ।

ਹਜ਼ਰਤ ਮੁਸਲੈਹ ਮਾਊਦ ਰਜ਼ੀ ਅੱਲਾਹ ਅੰਨਹੋ ਇਸ ਬਾਰੇ ਫ਼ਰਮਾਉਂਦੇ ਹਨ ਕਿ ਬਦਰ ਦੇ ਮੌਕੇ ਉੱਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਅੰਨਸਾਰ ਦੀ ਸਲਾਹ ਚਾਹੁੰਦੇ ਸਨ। ਅੰਨਸਾਰ ਦੇ ਦਿਮਾਗ਼ ਵਿਚੱ ਇਹ ਸੀ ਕਿ ਲੜ੍ਹਣ ਵਾਲੇ ਮੱਕੇ ਦੇ ਲੋਕ ਹਨ ਅਤੇ ਉਹ ਕੋਈ ਸਲਾਹ ਦੇਣਗੇ ਤਾਂ ਮੁਹਾਜਰ ਇਹ ਸਮਝਣਗੇ ਕਿ ਇਹ ਸਾਡੇ ਭਰਾਵਾਂ ਅਤੇ ਰਿਸ਼ਤੇਦਾਰਾਂ ਤੋਂ ਲੜ੍ਹਣ ਦਾ ਕਹਿ ਰਹੇ ਹਨ। ਪਰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਬਾਰ ਬਾਰ ਫ਼ਰਮਾਉਣ ਦੇ ਬਾਦ ਅੰਤ ਅੰਨਸਾਰ ਨੇ ਆਪਣਾ ਪਹਿਲੂ ਰਖੱਣ ਦੇ ਬਾਦ ਸਲਾਹ ਦਿੱਤੀ ਕਿ ਅਸੀਂ ਹਰ ਹਾਲ ਵਿਚੱ ਆਪ ਦੇ ਨਾਲ ਹਾਂ। ਅੰਨਸਾਰ ਦੀ ਸਲਾਹ ਦੇ

ਬਾਦ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਉੱਥੋਂ ਤੁਰੇ ਅਤੇ ਬਦਰ ਦੇ ਨੇੜ੍ਹੇ ਉਤੱਰੇ। ਕੁਝੱ ਦੇਰ ਦੇ ਬਾਦ ਆਪ ਸਲੱਲਾਹੋ ਅਲੈਹਿ ਵਸਲੱਮ ਅਤੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨਿਕਲੇ ਅਤੇ ਇਕੱ ਅਰਬੀ ਬੁੱਢੇ ਦੇ ਪਾਸ ਜਾ ਕੇ ਰੁਕੱ ਗਏ ਅਤੇ ਕੁਰੈਸ਼ ਬਾਰੇ ਪੁਛਿੱਆ। ਬੁੱਢੇ ਨੇ ਕਿਹਾ, ਮੈਨੂੰ ਮਾਲੂਮ ਹੋਇਆ ਹੈ ਕਿ ਮੁੰਹਮਦ ਸਲੱਲਾਹੋ ਅਲੈਹਿ ਵਸਲੱਮ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਸਾਥੀ ਉਸ ਦਿਨ ਨਿਕਲੇ ਹਨ ਅਤੇ ਜੇਕਰ ਇਗ ਠੀਕ ਹੈ ਤਾਂ ਇਸ ਸਮੇਂ ਉਸ ਇੱਥੇ ਹੋਣਗੇ। ਮੈਨੂੰ ਇਹ ਵੀ ਮਾਲੂਮ ਹੋਇਆ ਹੈ ਕਿ ਕੁਰੈਸ਼ ਉਸ ਦਿਨ ਨਿਕਲੇ ਹਨ ਅਤੇ ਜੇਕਰ ਇਹ ਠੀਕ ਹੈ ਤਾਂ ਉਹ ਇਸ ਸਮੇਂ ਉੱਥੇ ਹੋਣਗੇ। ਬੁੱਢੇ ਦੇ ਪੁਛੱਣ ਉੱਤੇ ਕਿ ਤੁਸੀਂ ਕੌਣ ਹੋ ਤਾਂ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਬਹੁਤ ਸਿਆਣਪ ਨਾਲ ਉਤੱਰ ਦਿੱਤਾ ਕਿ ਅਸੀਂ ਪਾਣੀ ਤੋਂ ਹਾਂ। ਇਹ ਅੰਦੇਸ਼ਾ ਹੈ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਬਦਰ ਦੇ ਚਸ਼ਮੇ ਦਾ ਹਵਾਲਾ ਦਿੱਤਾ ਹੋਵੇ। ਰਬੱ ਹੀ ਜਾਣਦਾ ਹੈ।

ਵਾਪਸ ਆਉਣ ਦੇ ਬਾਦ ਸ਼ਾਮ ਦੇ ਸਮੇਂ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ, ਹਜ਼ਰਤ ਜ਼ੁਬੈਰ ਬਿਨ ਅੱਵਾਮ ਰਜ਼ੀ ਅੱਲਾਹ ਅੰਨਹੋ ਅਤੇ ਹਜ਼ਰਤ ਸਅਦ ਬਿਨ ਅਬੀ ਵਕਾਸ ਰਜ਼ੀ ਅੱਲਾਹ ਅੰਨਹੋ ਨੂੰ ਕੁਝੱ ਹੋਰ ਸਹਾਬੀਆਂ ਦੇ ਨਾਲ ਬਦਰ ਦੇ ਚਸ਼ਮੇ ਵਲੱ ਤੋਰਿਆ ਤਾਂ ਕਿ ਵਿਰੋਧੀਆਂ ਦੀ ਹੋਰ ਖ਼ਬਰਾਂ ਲਿਆ ਸਕਣ। ਉਹ ਦੋ ਬੰਦੀਆਂ ਨੂੰ ਫ਼ੜ੍ਹ ਲਿਆਏ। ਜਿਨ੍ਹਾਂ ਨੇ ਦਸਿੱਆ ਕਿ ਕੁਰੈਸ਼ ਨੇ ਸਾਨੂੰ ਪਾਣੀ ਲਿਆਉਣ ਭੇਜਿਆ ਸੀ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਪੁਛੱਣ ਉੱਤੇ ਉਨ੍ਹਾਂ ਨੇ ਦਸਿੱਆ ਕਿ ਬਹੁਤ ਸਾਰੇ ਕੁਰੈਸ਼ ਉਸ ਪਹਾੜ੍ਹੀ ਦੇ ਪਿੱਛੇ ਮੌਜੂਦ ਹਨ ਅਤੇ ਉਹ ਕਿਸੇ ਦਿਨ ਨੌ ਅਤੇ ਕਿਸੇ ਦਿਨ ਦਸੱ ਊਂਠ ਜ਼ਿਬਹ ਕਰਦੇ ਹਨ। ਇਸ ਨਾਲ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਅਨੁਮਾਨ ਲਾਇਆ ਕਿ ਉਹ ਨੌ ਸੌ ਅਤੇ ਇਕੱ ਹਜ਼ਾਰ ਦੇ ਵਿਚੱਕਾਰ ਹਨ। ਫ਼ਿਰ ਉਨਾਂ ਨੇ ਕੁਰੈਸ਼ ਦੇ ਕਈ ਸਰਦਾਰਾਂ ਦੇ ਨਾਂ ਦੱਸੇ। ਜੋ ਉਸ ਲਸ਼ਕਰ ਵਿਚੱ ਸ਼ਾਮਿਲ ਸਨ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਮੱਕੇ ਨੇ ਤੁਹਾਡੇ ਸਾਮ੍ਹਣੇ ਆਪਣੇ ਜਿਗਰ ਦੇ ਟੁਕੱੜ੍ਹੇ ਕਢੱ ਕੇ ਪਾ ਦਿੱਤੇ ਹਨ। ਇਹ ਬਹੁਤ ਅਕਲਮੰਦੀ ਅਤੇ ਸਿਆਣਪ ਨਾਲ ਭਰੇ ਸ਼ਬਦ ਸਨ। ਜੋ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਜ਼ੁਬਾਨ ਤੋਂ ਅਚਾਨਕ ਨਿਕਲੇ। ਜਿਸ ਕਰਕੇ ਸਹਾਬੀਆਂ ਦੇ ਦਿਲ ਮਜ਼ਬੂਤ ਹੋ ਗਏ ਕਿ ਰਬੱ ਨੇ ਉਨ੍ਹਾਂ ਨੂੰ ਜ਼ਰੂਰ ਜਿਤੱ ਬਖ਼ਸ਼ਣੀ ਹੈ।

ਇਸ ਮੌਕੇ ਉੱਤੇ ਹਜ਼ਰਤ ਹਬਾਬ ਬਿਨ ਮਨਜ਼ਰ ਰਜ਼ੀ ਅੱਲਾਹ ਅੰਨਹੋ ਨੇ ਕਿਹਾ ਕਿ ਹੇ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ! ਕੀ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਰੱਬੀ ਹੁਕਮ ਅਨੁਸਾਰ ਇੱਥੇ ਰੁੱਕੇ ਹਨ ਜਾਂ ਕੇਵਲ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਰਾਏ ਜਾਂ ਜੰਗੀ ਚਾਲ ਹੈ ? ਆਪ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਜੰਗੀ ਚਾਲ ਹੈ। ਤਦੱ ਉਨ੍ਹਾਂ ਨੇ ਕਿਹਾ ਕਿ ਇਹ ਥਾਂ ਠੀਕ ਨਹੀਂ। ਸਗੋਂ ਵਿਰੋਧੀਆਂ ਦੇ ਪਾਣੀ ਦੇ ਨੇੜੇ ਰੁੱਕਿਆ ਜਾਵੇ ਅਤੇ ਸਾਰੇ ਖ਼ੂਹ ਬੰਦ ਕਰ ਦਿੱਤੇ ਜਾਣ ਅਤੇ ਆਪਣੇ ਲਈ ਇਕੱ ਚਬੱਚੀ ਵਿਚੱ ਪਾਣੀ ਭਰ ਲਿਆ ਜਾਵੇ ਅਤੇ ਅਸੀਂ ਵਿਰੋਧੀ ਤੋਂ ਮੁਕਾਬਲੇ ਕਰਦੇ

ਹਾਂ ਤਾਂ ਸਾਡੇ ਲਈ ਪਾਣੀ ਮੌਜੂਦ ਹੋਵੇਗਾ ਅਤੇ ਵਿਰੋਧੀ ਪਾਣੀ ਤੋਂ ਵਾਂਝਾ ਹੋਣਗੇ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਇਸ ਸਲਾਹ ਨੂੰ ਪਸੰਦ ਫ਼ਰਮਾਇਆ ਅਤੇ ਵਿਰੋਧੀ ਦੇ ਨੇੜ੍ਹੇ ਖੂਹ ਉੱਤੇ ਪੜਾਓ ਕੀਤਾ ਅਤੇ ਬਾਕੀ ਖੂਹ ਬੇਕਾਰ ਕਰ ਦਿੱਤੇ ਅਤੇ ਇਕੱ ਚਬੱਚੀ ਬਣਾ ਕੇ ਉਸ ਵਿਚੱ ਪਾਣੀ ਭਰ ਦਿੱਤਾ ਗਿਆ। ਸਅਦ ਬਿਨ ਮੁਆਜ਼ ਰਜ਼ੀ ਅੱਲਾਹ ਅੰਨਹੋ ਰਈਸ ਓਸ ਦੀ ਸਲਾਹ ਉੱਤੇ ਮੈਦਾਨ ਦੇ ਇਕੱ ਭਾਗ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਲਈ ਇਕੱ ਚਾਨਣਾ ਲਾਇਆ ਗਿਆ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਸਵਾਰੀ ਵੀ ਉੱਥੇ ਬੰਨ੍ਹੀ ਗਈ। ਉਨ੍ਹਾਂ ਨੇ ਕਿਹਾ ਕਿ ਆਪ ਸਲੱਲਾਹੋ ਅਲੈਹਿ ਵਸਲੱਮ ਇੱਥੇ ਰੁਕੱਣ ਅਤੇ ਅਸੀਂ ਲੜ੍ਹਾਂਗੇ। ਜੇਕਰ ਅਸੀਂ ਹਾਰ ਗਏ ਤਾਂ ਆਪ ਸਲੱਲਾਹੋ ਅਲੈਹਿ ਵਸਲੱਮ ਇਸ ਸਵਾਰੀ ਉੱਤੇ ਮਦੀਨਾ ਪਹੁੰਚ ਜਾਣਗੇ। ਉੱਥੇ ਸਾਡੇ ਭਰਾ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਰਾਖੀ ਕਰਨਗੇ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੋ ਇਸ ਬਾਰੇ ਫ਼ਰਮਾਉਂਦੇ ਹਨ ਕਿ ਜਦੱ ਬਦਰ ਦੇ ਮੈਦਾਨ ਵਿਚੱ ਪਹੁੰਚੇ ਤਾਂ ਸਹਾਬੀਆਂ ਨੇ ਸਲਾਹ ਕਰਕੇ ਆਪ ਸਲੱਲਾਹੋ ਅਲੈਹਿ ਵਸਲੱਮ ਨੂੰ ਇਕੱ ਉੱਚੀ ਥਾਂ ਉੱਤੇ ਚਾਨਣਾ ਵਿਚੱ ਠਹਿਰਾ ਦਿੱਤਾ ਅਤੇ ਸਭ ਤੋਂ ਤੇਜ਼ ਊਠਣੀ ਉੱਥੇ ਬੰਨ੍ਹੀ ਅਤੇ ਕਿਹਾ ਕਿ ਅਸੀਂ ਥੋੜ੍ਹੇ ਹਾਂ ਅਤੇ ਵਿਰੋਧੀ ਬਹੁਤ ਹਨ। ਸਾਨੂੰ ਆਪਣੀ ਮੌਤ ਦਾ ਕੋਈ ਦੁਖੱ ਨਹੀਂ। ਸਾਨੂੰ ਆਪ ਸਲੱਲਾਹੋ ਅਲੈਹਿ ਵਸਲੱਮ ਦਾ ਖ਼ਿਆਲ ਹੈ। ਅਸੀਂ ਜੇਕਰ ਮਰ ਗਏ ਤਾਂ ਇਸਲਾਮ ਦਾ ਕੁਝੱ ਨੁਕਸਾਨ ਨਹੀਂ ਹੋਵੇਗਾ। ਪਰ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਨਾਲ ਇਸਲਾਮ ਦਾ ਜੀਵਨ ਹੈ। ਸੋ, ਜ਼ਰੂਰੀ ਹੈ ਕਿ ਅਸੀਂ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਰਾਖੀ ਦਾ ਸਮਾਨ ਕਰਨ। ਜੇਕਰ ਅਸੀਂ ਇਕੱ ਇਕੱ ਕਰਕੇ ਸ਼ਹੀਦ ਹੋ ਜਾਣ ਤਾਂ ਇਸ ਊਠਣੀ ਉੱਤੇ ਸਵਾਰ ਹੋ ਕੇ ਮਦੀਨਾ ਪਹੁੰਚ ਜਾਣ। ਉੱਥੇ ਸਾਡੇ ਭਰਾ ਆਪ ਦੀ ਰਾਖੀ ਕਰਨਗੇ।

ਆਪ ਸਲੱਲਾਹੋ ਅਲੈਹਿ ਵਸਲੱਮ ਨੇ ਇਹ ਗਲੱ ਨ ਮੰਨ੍ਹੀ ਅਤੇ ਨ ਮੰਨ ਸਕਦੇ ਸਨ। ਇਹ ਸਹਾਬਾ ਰਜ਼ੀ ਅੱਲਾਹ ਅੰਨਹੁਮਾ ਦਾ ਇਕੱ ਜਜ਼ਬਾ ਸੀ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੋ ਫ਼ਰਮਾਉਂਦੇ ਹਨ ਕਿ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਨੇ ਇਕੱ ਬਾਰ ਫ਼ਰਮਾਇਆ ਕਿ ਸਹਾਬਾ ਵਿਚੱ ਸਭ ਤੋਂ ਵਧੱ ਬਹਾਦਰ ਅਤੇ ਦਲੈਰ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਸਨ।

ਜੰਗੇ ਬਦਰ ਵਿਚੱ ਜਦੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਲਈ ਇਕੱ ਵਖੱਰਾ ਚਬੂਤਰਾ ਬਣਾਇਆ ਗਿਆ ਤਾਂ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਛੇਤੀ ਨਾਲ ਨੰਗੀ ਤਲਵਾਰ ਲੈ ਕੇ ਖੜ੍ਹੇ ਹੋ ਗਏ ਅਤੇ ਇਸ ਖ਼ਤਰੇ ਦੇ ਮੌਕੇ ਉੱਤੇ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਰਾਖੀ ਦਾ ਕੰਮ ਕੀਤਾ ਸਵੇਰ ਨੂੰ ਜਦੱ ਕੁਰੈਸ਼ ਅੱਗੇ ਵੱਧੇ ਤਾਂ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਰਬੱ ਦੇ ਹਜ਼ੂਰ ਦੂਆ ਕੀਤੀ ਕਿ ਹੇ ਰੱਬਾ ! ਤੂੰ ਜੋ ਮਦਦ ਦਾ ਵਚਨ ਦਿੱਤਾ ਹੈ। ਉਸ ਨੂੰ ਪੂਰਾ ਕਰ ਅਤੇ ਅਜੱ ਉਨ੍ਹਾਂ ਦਾ ਅੰਤ ਕਰਦੇ

ਜਦੋਂ ਕੁਰੈਸ਼ ਬਦਰ ਦੇ ਮੈਦਾਨ ਵਿਚੱ ਉਤਰੇ ਤਾਂ ਉਨ੍ਹਾਂ ਵਿਚੱ ਇਕੱ ਗਰੋਹ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਚਬੱਚੇ ਤੋਂ ਪਾਣੀ ਪੀਣ ਲਗਿੱਆ। ਉਨ੍ਹਾਂ ਵਿਚੱ ਹਕੀਮ ਬਿਨ ਹਜ਼ਾਮ ਵੀ ਸ਼ਾਮਿਲ ਸੀ। ਉਸ ਦਿਨ ਉਸ ਚਬੱਚੇ ਵਿੱਚੋਂ ਜਿਸ ਨੇ ਵੀ ਪਾਣੀ ਲਿਆ। ਉਹ ਸਭ ਕਤਲ ਹੋਏ ਹਕੀਮ ਬਿਨ ਹਜ਼ਾਮ ਤੋਂ ਬਿਨਾਂ। ਜੋ ਬਾਦ ਵਿਚੱ ਮੁਸਲਮਾਨ ਹੋ ਗਏ ਸਨ। ਕੁਰੈਸ਼ ਦੇ ਆਉਣ ਤੋਂ ਪਹਿਲਾਂ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਸਹਾਬੀਆਂ ਦੀ ਸਫ਼ ਬੰਦੀ ਕਰਵਾਈ। ਆਪ ਸਲੱਲਾਹੋ ਅਲੈਹਿ ਵਸਲੱਮ ਤੀਰ ਦੇ ਨਾਲ ਇਸ਼ਾਰਾ ਕਰ ਰਹੇ ਸਨ। ਮਸਅਬ ਬਿਨ ਊਮੈਰ ਰਜ਼ੀ ਅੱਲਾਹ ਅੰਨਹੋ ਨੂੰ ਝੰਡਾ ਦਿੱਤਾ ਲਾਇਨਾਂ ਦੇ ਪਰਿਖਣ ਦੌਰਾਨ ਜਦੱ ਆਪ ਸਲੱਲਾਹੋ ਅਲੈਹਿ ਵਸਲੱਮ ਸੁਆਦ ਬਿਨ ਗ਼ਜ਼ਯਾ ਰਜ਼ੀ ਅੱਲਾਹ ਅੰਨਹੋ ਦੇ ਨੇੜ੍ਹਿਓਂ ਲੰਘੇ ਤਾਂ ਉਹ ਸਫ਼ ਵਿੱਚੋਂ ਬਾਹਰ ਨਿਕਲੇ ਸਨ। ਆਪ ਸਲੱਲਾਹੋ ਅਲੈਹਿ ਵਸਲੱਮ ਨੇ ਉਨ੍ਹਾਂ ਦੇ ਟਿਡੱ ਉੱਤੇ ਤੀਰ ਲਾ ਕੇ ਫ਼ਰਮਾਇਆ ਕਿ ਸਿੱਧੇ ਹੋ ਜਾਓ। ਸੁਆਦ ਰਜ਼ੀ ਅੱਲਾਹ ਅੰਨਹੋ ਨੇ ਕਿਹਾ ਕਿ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਮੈਨੂੰ ਤਕਲੀਫ਼ ਦਿੱਤੀ ਹੈ। ਮੈਨੂੰ ਬਦਲਾ ਦੇਣ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਟਿਡੱ ਤੋਂ ਕਪੜ੍ਹਾ ਚੁਕੱ ਕੇ ਫ਼ਰਮਾਇਆ ਬਦਲਾ ਲੈ ਲਿਓ। ਹਜ਼ਰਤ ਸੁਆਦ ਰਜ਼ੀ ਅੱਲਾਹ ਅੰਨਹੋ, ਆਪ ਸਲੱਲਾਹੋ ਅਲੈਹਿ ਵਸਲੱਮ ਨੂੰ ਚਿਮਟ ਗਏ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਸ਼ਰੀਰ ਨੂੰ ਚੁੰਮਣ ਲੱਗੇ ਅਤੇ ਕਿਹਾ ਕਿ ਮੈਂ ਚਾਹਿਆ ਕਿ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਨਾਲ ਮੇਰਾ ਅੰਤਿਮ ਸਮਾਂ ਇੰਝ ਲੰਘੇ ਕਿ ਮੇਰਾ ਸ਼ਰੀਰ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਸ਼ਰੀਰ ਨਾਲ ਛੂ ਜਾਵੇ। ਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਨੇ ਉਨ੍ਹਾਂ ਲਈ ਭਲਾਈ ਦੀ ਦੂਆ ਫ਼ਰਮਾਈ ਇਹ ਸੀ ਪ੍ਰੇਮ ਅਤੇ ਇਸ਼ਕ ਦੇ ਨਜ਼ਾਰੇ। ਬਾਕੀ ਇੰਸ਼ਾ-ਅੱਲਾਹ ਅੱਗੇ ਬਿਆਨ ਕਰਾਂਗਾ।

ਹਜ਼ੂਰੇ ਅਨਵਰ ਨੇ ਅੰਤ ਵਿਚੱ ਸ਼੍ਰੀਮਾਨ ਕਾਰੀ ਮੁੰਹਮਦ ਆਸ਼ਿਕ ਸਾਹਿਬ ਸਾਬਕ ਅਧਿਆਪਕ ਜਾਮੀਆ ਅਹਮਦੀਆ ਰਬਵਹ ਅਤੇ ਪ੍ਰਿੰਸਿਪਲ ਤੇ ਨਿਗਰਾਨ ਮਦਰਸ-ਤੁਲੱ-ਹਿਫ਼ਜ਼ ਰਬਵਹ ਅਤੇ ਸਊਦੀ ਅਰਬ ਦੀ ਇਕੱ ਜੇਲ੍ਹ ਵਿਚੱ ਕੈਦ ਹੋਣ ਦੀ ਹਾਲਤ ਵਿਚੱ ਅਕਾਲ ਚਲਾਣਾ ਕਰ ਜਾਣ ਵਾਲੇ ਸ਼੍ਰੀਮਾਨ ਨੂਰ-ਉਦੱ-ਦੀਨ ਅਲ-ਹਸਨੀ ਸਾਹਿਬ ਆਫ਼ ਸ਼ਾਮ ਦੀ ਮੌਤ ਉੱਤੇ ਦੋਵੇਂ ਮਰਹੂਮਾਂ ਦੇ ਜੀਵਨ ਦੇ ਹਾਲਾਤ ਅਤੇ ਜਮਾਅਤੀ ਸੇਵਾਵਾਂ ਦਾ ਵਿਆਖਿਆ ਨਾਲ ਜ਼ਿਕਰ ਫ਼ਰਮਾਇਆ ਅਤੇ ਜੁਮਆ ਦੀ ਨਮਾਜ਼ ਦੇ ਬਾਦ ਉਨ੍ਹਾਂ ਦੀ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਵੀ ਐਲਾਨ ਫ਼ਰਮਾਇਆ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔